## ਬੇਨਤੀ

*ਜਿਤਨਾ ਕੁ ਨਾਮ ਰਤੀ ਰੂਹ ਨੇ ਆਪਾ ਵਖਾਇਆ*

*ਕੇਵਲ ਉਤਨਾ ਹੀ ਤਕ ਸਕਿਆ।*

*ਜਿਤਨਾ ਕੁ ਤਕਿਆ*

*ਉਸਦਾ ਕਿਣਕਾ ਮਾਤਰ ਵੀ ਲਿਖ ਨਹੀਂ ਸਕਿਆ।*

*ਅਸਮਰਥ ਕਲਮ*

*ਉਸ ਮਹਾਨ ਗੁਰਮੁਖ ਆਤਮਾ ਅੱਗੇ*

*ਸਿਰ ਨਿਵਾ ਝੁਕ ਗਈ*

*ਰੁਕ ਗਈ।*

*ਇਕ ਜੋਦੜੀ:-*

*ਬਸ ਅਜ ਇਤਨੀ ਹੀ ਸੇਵਾ*

*ਪ੍ਰਵਾਨ ਕਰ ਲੈਣਾ ਜੀ।*

**ਗੁਰੂ ਘਰ ਦਾ ਕੂਕਰ**
**ਹਰਬੰਸ ਸਿੰਘ ਐਡਵੋਕੇਟ, ਜਲੰਧਰ**

ੴ

"ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥"

# "ਪੰਥ ਰਤਨ"
# ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲੇ

(੧੬-੮-੧੯੪੪ - ੧੪-੧੦-੨੦੦੬)

ਪਿਤਾ ਸ: ਇੰਦਰ ਸਿੰਘ ਜੀ ਦੇ ਗ੍ਰਹਿ, ਮਾਤਾ ਪਾਰਵਤੀ ਕੌਰ ਜੀ ਦੀ ਕੁੱਖੋਂ, ਭਾਦੋਂ ਦੀ ਸੰਗਰਾਂਦ, ਅੰਮ੍ਰਿਤ ਵੇਲੇ ੩:੪੪ ਤੇ ਸੰਨ ੧੬-੮-੧੯੪੪ ਨਾਨਕੇ ਪਿੰਡ ' ਚਕਰੀ ' (ਪਾਕਿਸਤਾਨ) ਵਿੱਚ ਜਨਮ ਲਿਆ । ਐਸੀ ਮਾਤਾ ਦੀ ਕੁਖੋਂ, ਜੋ ਪੂਰਨ ਗੁਰਮਤਿ ਦੇ ਧਾਰਨੀ, ਗੁਰਬਾਣੀ ਦੇ ਰਸੀਏ, ਹਰ ਮਹੀਨੇ ਇਕ ਸਹਿਜ ਪਾਠ ਦੀ ਸਮਾਪਤੀ ਕਰਨ ਵਾਲੇ ਸਨ । ਜਨਮ ਤੋਂ ਚਾਲੀ ਦਿੰਨ੍ਹਾਂ ਦੇ ਹੀ ਹੋਣ ਤੇ ਆਪ ਜੀ ਨੂੰ ਮਹਾਨ ਪਵਿਤਰ ਅਸਥਾਨ ਗੁਰਦੁਆਰਾ ਸ਼੍ਰੀ ਪੰਜਾ ਸਾਹਿਬ ਗੁਰੂ ਚਰਨਾਂ ਵਿੱਚ ਸੀਸ ਨਿਵਾਣ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਮਾਤਾ ਦੀ ਨਾਮ ਰਤੀ ਗੋਦ ਵਿੱਚ, ਇਨਾਂ ਗੁਰਸ਼ਬਦ ਦੀਆਂ ਕੈਸੀਆਂ ਲੋਰੀਆਂ ਪ੍ਰਾਪਤ ਕੀਤੀਆਂ ਹੋਣਗੀਆਂ, ਜਿਨਾਂ ਸਦਕਾ ਮਾਤਾ ਦੀ ਗੋਦ ਤੋਂ ਸਤਸੰਗ ਦੀ ਪਵਿੱਤਰ ਗੋਦ ਪ੍ਰਾਪਤ ਹੋਈ ਤੇ ਇਸ ਸਤਸੰਗ ਦੀ ਪਵਿੱਤਰ ਗੋਦ ਵਿਚ, ਅੰਤਿਮ ਸਵਾਸ ਤੱਕ, ਜਿਥੇ ਸ਼ਬਦ ਰਸ ਦਾ ਅਨੰਦ ਆਪ ਮਾਣਦੇ ਰਹੇ, ਉਥੇ ਸਮੂਹ ਸੰਗਤਾਂ ਨੂੰ ਇਸੇ ਹੀ ਰਸ ਨਾਲ ਜੋੜ ਨਿਹਾਲ ਕਰਦੇ ਰਹੇ ।

ਮਾਤਾ ਦੀ ਕੁਖੋਂ ਜਨਮ ਲੈਂਦਾ ਹੈ ਮਨੁੱਖ, ਪਰ ਵੇਖਣਾ ਇਹ ਹੁੰਦਾ ਹੈ ਕਿ ਉਸ ਦੇ ਜੀਵਨ ਨੇ ਕਿਥੋਂ ਜਨਮ ਲਿਆ ਏ ? ਸਤਸੰਗ ਦੀ ਕੁਖੋਂ ਜਨਮ ਲੈਕੇ ਹੀ ਕੋਈ ਗੁਰਮੁੱਖ ਹੁੰਦਾ ਹੈ । ਸਤਸੰਗ ਪ੍ਰਭੂ ਦਾ ਅਤਿ ਸੁੰਦਰ ਬਗੀਚਾ ਹੈ, ਜਿਸ ਵਿਚ ਪਰਮਾਤਮਾ ਨੇ ਸਤਿਗੁਰ ਮਾਲੀ ਨੂੰ ਇਹ ਕੰਮ ਸੋਂਪਿਆ ਹੈ । ਜੋ ਬੂਟੇ ਗੁਰੂ ਮਾਲੀ ਦੀ ਨਦਰਿ ਵਿੱਚ ਰਹਿੰਦੇ ਹਨ, ਉਹੀ ਗੁਰਮੁੱਖ ਜੀਵਨ ਨੂੰ ਪ੍ਰਾਪਤ ਹੁੰਦੇ ਹਨ । ਜਿਵੇਂ "ਗੁਰੂ" ਮਾਲੀ ਸਤਿਸੰਗ ਵਿੱਚੋਂ ਹੀ ਗੁਰਮੁੱਖ ਪੈਦਾ ਕਰਦੇ ਹੋਣ । ਮਨੁੱਖੀ ਜਾਮਿਆਂ ਵਿੱਚੋਂ ਸਰਬ ਉਤੱਮ ਜਾਮਾ ਹੈ ਹੀ ਗੁਰਮੁੱਖ ਦਾ, ਬਹੁਮੁੱਲਾ, ਸਫਲ ਤੇ ਕੀਮਤੀ । **ਐਸੇ ਹੀ ਗੁਰਮੁੱਖ ਸਨ, ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲੇ** । ਜਿਨ੍ਹਾਂ ਸਾਰਾ ਜੀਵਨ "ਗੁਰਮੁੱਖ, ਨਾਮ, ਦਾਨ, ਇਸ਼ਨਾਨ" ਦੇ ਗੁਰਬਚਨਾਂ ਅਨੁਸਾਰ ਜੀਵਿਆ । ਆਪ ਕਹਿੰਦੇ ਕਿ ਗੁਰਮੁੱਖ ਦੇ

ਜੀਵਨ ਦੀ ਟੇਕ ਕੇਵਲ ਤੇ ਕੇਵਲ ਪ੍ਰਮੇਸਰ ਦਾ ਨਾਮ ਹੁੰਦਾ ਹੈ, ਪ੍ਰਮਾਤਮਾ ਦੇ ਗੁਣਾਂ ਦੀ ਸੁਗੰਧੀ ਵੰਡਣਾ ਹੀ ਗੁਰਮੁੱਖ ਦਾ "ਦਾਨ" ਹੁੰਦਾ ਹੈ ਤੇ ਗੁਰੂ ਦੇ ਗਿਆਨ ਦੇ ਮਹਾ ਰਸ ਵਿੱਚ ਲਿਵ ਜੋੜ, ਗੁਰਸ਼ਬਦ ਦੀ ਕਮਾਈ ਕਰਕੇ, ਆਪਣੀ ਮੱਤ ਨੂੰ ਧੋਅ ਲੈਣਾ ਇਹ ਗੁਰਮੁੱਖ ਦਾ "ਇਸ਼ਨਾਨ" ਹੁੰਦਾ ਹੈ ।

" ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ
ਸਬਦੇ ਮੈਲੁ ਗਵਾਈ ॥" (੯੦੯)

ਸੱਚ ਆਖਾ, **ਗੁਰਮੁੱਖ ਦੀ ਸੋਚ ਸੱਚ, ਗੁਰਮੁੱਖ ਦੇ ਬੋਲ ਸੱਚ, ਗੁਰਮੁੱਖ ਦਾ ਸੁਣਨਾ ਸੱਚ, ਗੁਰਮੁੱਖ ਦਾ ਦੇਖਣਾ ਸੱਚ, ਗੁਰਮੱਖ ਦਾ ਵਰਤਨਾ ਸੱਚ** । ਇੰਝ ਲਗਦਾ ਹੈ, ਜਿਵੇਂ ਗੁਰਮੁੱਖ ਕੋਲ ਸੱਚ ਹੀ ਸੱਚ ਹੁੰਦਾ ਹੈ, ਤੇ ਸੱਚ ਤੋਂ ਬਿਨਾ ਹੋਰ ਕੁਝ ਵੀ ਨਹੀ । ਐਸੀ ਹੀ ਜੀਵਨ ਜੁਗਤ ਦੀ ਝਲੱਕ ਇਸ ਸੱਚ ਦੇ ਧਾਰਨੀ **"ਸਚਿਆਰ" ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ** ਨੂੰ ਨੇੜਿਉਂ ਵੇਖ ਉਨਾਂ ਦੇ ਜੀਵਨ ਵਿੱਚੋਂ ਨਜ਼ਰ ਆਈ ।

ਸੰਗਰੂਰ ਵਿੱਖੇ ਆਪ ਜੀ ਨੇ ਮੈਟਰਿਕ ਤੱਕ ਪੜਾਈ ਕੀਤੀ ਅਤੇ ਇੰਜੀਨੀਅਰਿੰਗ ਦੇ ਕੋਰਸ ਵਾਸਤੇ ਸੰਗਰੂਰ ਤੋਂ ਲੁਧਿਆਣੇ ਆਏ । ਲੁਧਿਆਣੇ ਤੋਂ ਖੰਨੇ, ਤੇ ਖੰਨੇ ਤੋਂ ਫੇਰ ਮੋਹਾਲੀ ਵਿਖੇ ਨਿਵਾਸ ਕੀਤਾ । ੧੪ ਸਾਲ ਦੀ ਛੋਟੀ ਉਮਰੇ ਹੀ ਪਿਤਾ ਜੀ ਅਕਾਲ ਚਲਾਣਾ ਕਰ ਗਏ ਪਰ ਪਿਤਾ ਪਿਆਰ ਤੋਂ ਵਾਂਝਾ ਰਹਿਣ ਵਾਲੇ, ਇਸ ਗੁਰੂ ਦੇ ਲਾਲ ਨੇ ਵੱਡਿਆਂ ਹੋ, ਸੈਂਕੜੇ ਨਹੀਂ ਹਜ਼ਾਰਾਂ ਬੇ-ਆਸਰਾ ਤੇ ਲੋੜਵੰਦ ਬਚਿਆਂ ਵਿੱਚ ਅਥਾਹ ਪਿਤਾ ਪਿਆਰ ਵੰਡਿਆ ।

ਸਤਿਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ, **"ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ"** ਨੂੰ ਜੀਵਨ ਵਿੱਚ ਹੰਢਾਇਆ । ਕਿਰਤ ਵੱਜੋਂ, ਖੰਨੇ ਵਿੱਖੇ ਟੈਂਟ ਹਾਊਸ ਦਾ ਕੰਮ ਅਰੰਭਿਆ । ੨੩ ਸਾਲ ਦੇ ਉਮਰੇ (੧੯੬੭) ਵਿੱਚ ਗੁਰਸਿੱਖ **ਬੀਬੀ ਦਲਜੀਤ ਕੌਰ** ਸੱਪੁਤਰੀ ਸ: ਅਵਤਾਰ ਸਿੰਘ ਜੀ ਨਾਲ ਆਪ ਜੀ ਦਾ ਅਨੰਦ ਕਾਰਜ ਹੋਇਆ ਤੇ ੨ **ਹੋਣਹਾਰ ਬੇਟੇ ਸ: ਜਗਮੋਹਨ ਸਿੰਘ ਤੇ ਸ: ਜਤਿੰਦਰ ਮੋਹਨ ਸਿੰਘ** ਜਨਮੇ । **ਪਰਿਵਾਰਕ ਜ਼ਿਮੇਵਾਰੀਆਂ ਆਪਣੇ ਸਿਰ ਲੈ, ਭਾਈ ਸਾਹਿਬ ਨੂੰ ਗੁਰਮੁੱਖ ਖੇਤਰ ਵਿੱਚ, ਗੁਰਸ਼ਬਦ ਦੀ ਸੇਵਾ ਦਾ ਵੱਡਾ ਸਹਿਯੋਗ ਦੇਣ ਦਾ ਮਾਣ, ਉਨਾਂ ਦੀ ਪਤਨੀ ਤੇ ਬੱਚਿਆਂ ਦੇ ਹਿੱਸੇ ਹੀ ਆਇਆ ਹੈ ।**

ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖੰਨੇ ਵਾਲੇ ਜੀਵਨ ਦੇ ਅਰੰਭਕ ਸਾਲਾਂ ਵਿਚ **"ਜੋਸ਼ੀ ਜੀ"** ਦੇ ਨਾਮ ਨਾਲ ਜਾਣੇ ਜਾਂਦੇ ਸਨ । ਵਧੇਰੇ ਲੋਕਾਂ ਨੂੰ ਸ਼ਾਇਦ ਅੱਜ ਵੀ ਇਹ ਪਤਾ ਨਾ ਹੋਵੇ ਕਿ "ਜੋਸ਼ੀ" ਸ਼ਬਦ ਉਹਨਾਂ ਨਾਲ ਕਦੋਂ, ਕਿਉਂ ਤੇ ਕਿਵੇਂ ਜੁੜਿਆ । ਬਚਪਨ ਤੋਂ ਹੀ ਆਪ ਜੀ ਨੂੰ ਕਵਿਤਾ ਲਿੱਖਣ ਤੇ ਪੜਣ ਦਾ ਬੜਾ ਹੀ ਸ਼ੋਕ ਸੀ । ਬੈਠੇ ਬੈਠੇ ਕਿਸੇ ਵੀ ਵਿਸ਼ੇ ਤੇ ਜਾਂ ਭਾਵ ਨੂੰ ਅਨੋਖੀ ਕਾਵਿ ਰਚਨਾ ਵਿੱਚ ਸਿਰਜ ਲੈਣਾ, ਉਹਨਾਂ ਨੂੰ ਧੁਰੋਂ ਹੀ ਇਲਾਹੀ ਦਾਤਿ ਵਜੋਂ ਪ੍ਰਾਪਤ ਸੀ । ਧਾਰਿਮਕ ਤੇ ਸਮਾਜਿਕ ਇਕਠਾਂ ਵਿੱਚ ਉਹ ਆਪਣੀਆਂ ਕਵਿਤਾਵਾਂ ਇਤਨੇ ਜੋਸ਼ ਵਿੱਚ ਪੜਦੇ ਕਿ ਉਹਨਾਂ ਦੇ ਨਾਮ ਨਾਲ ਹੀ ਇਹ "ਜੋਸ਼ੀ" ਸ਼ਬਦ ਜੁੜ ਗਿਆ ।

**ਕੱਥਾ ਦੀ ਬੱਖਸ਼ਿਸ਼** ਸੁੱਤੇ ਸੁਭਾਅ ਹੀ, ਮਹਾਨ ਪਵਿੱਤਰ ਆਤਮਾ **ਸੰਤ ਨਿਸ਼ਚਲ ਸਿੰਘ ਜੀ** (ਜਮਨਾ ਨਗਰ ਵਾਲਿਆਂ) ਤੋਂ ਪ੍ਰਾਪਤ ਹੋਈ । ਇਕ ਵਾਰ ਸਤਸੰਗੀਆਂ ਨਾਲ ਸੰਤਾਂ ਦੇ ਦਰਸ਼ਨ ਕਰਨ ਗਏ । ਸਾਰਿਆਂ ਦੇ ਉਠ ਜਾਣ ਤੇ ਵੀ ਜਦੋਂ ਆਪ ਬੈਠੇ ਰਹੇ ਤਾਂ ਸੰਤਾਂ ਨੇ ਪੁਛਿਆ, "ਭਈ ਕਾਕਾ, ਤੂੰ ਨਹੀਂ ਗਿਆ ?" ਆਪ ਚੁੱਪ ਰਹੇ । ਸੰਤਾਂ ਫਿਰ ਪੁੱਛਿਆ, "ਕੁਝ ਚਾਹੀਦਾ ਹੈ ?" ਨਿਮਰਤਾ ਸਰੂਪ ਹੋਇਆ ਨੇ ਬੇਨਤੀ ਕੀਤੀ, "ਕੋਈ ਗੁਰੂ ਦੀ ਬਖਿਸ਼ਸ ਮੇਰੀ ਝੋਲ ਪਾਉ" । ਸੰਤਾਂ ਨੇ ਦੋ ਤਿੰਨ ਥਾਪੜੇ ਦਿੱਤੇ, ਪੁਛਿਆ , "ਕੁਝ ਬਣਿਆ ਏ" । ਆਪ ਨੇ ਨਾਂ ਵਿੱਚ ਸਿਰ ਹਿਲਾਇਆ । ਸੰਤਾਂ ਨੇ ਤਰੁਠ ਕੇ ਇਕ ਥਾਪੜਾ ਦਿੱਤਾ ਤੇ ਨੇਤਰਾਂ ਵਿੱਚੋਂ ਐਸੀ ਦ੍ਰਿਸ਼ਟੀ ਬਖਸ਼ਿਸ਼ ਕਰਦਿਆਂ ਬਚਨ ਕੀਤਾ, "ਜਾਉ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਿਆ ਕਰੋ" । ਤੇ ਇਹ ਅਸੀਸ ਐਸਾ ਰੰਗ ਲਿਆਈ ਕਿ ਨਿਰੰਤਰ ਬਾਰਾਂ ਸਾਲ ਆਪ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਦੇ ਰਹੇ । ਯਾਦ ਰਹੇ, ਅਰੰਭ ਵਿੱਚ ਭਾਈ ਸਾਹਿਬ ਕੇਵਲ ਗੁਰਬਾਣੀ ਦੀ ਕਥਾ ਹੀ ਕਰਦੇ ਸਨ, ਕੀਰਤਨ ਨਹੀਂ। ਇਹੀ ਕਥਾ ਤੇ ਗੁਰਮਤਿ ਵਿਚਾਰਾਂ ਫੇਰ ਸਾਰੇ ਜੀਵਨ ਵਿੱਚ ਗੁਰਮਤਿ ਪ੍ਰਚਾਰ ਦਾ ਧੁਰਾ ਬਣ ਗਈਆਂ ।

ਸੁਰਤ ਵਿੱਚ, "ਗੁਰਸ਼ਬਦ ਵੀਚਾਰਾਂ" ਦੀ ਨੀਂਹ ਤੇ ਹੁਣ "ਸਿਫਤ ਸਲਾਹ ਦਾ ਮਹਲ" ਉਸਰਨਾ ਹੀ ਸੀ । ਇਹ ਲਗਭਗ ਸੰਨ ੧੯੮੧ ਦੀ ਘਟਨਾ ਹੈ ਜਦੋਂ ਭਾਈ ਸਾਹਿਬ ਸੰਗਤਾਂ ਨਾਲ ਇਕ ਦਿਨ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਸਨਮਾਨਿਤ **"ਸੰਤ ਸਕਾਲਰ" ਗਿਆਨੀ ਨਿਰੰਜਨ ਸਿੰਘ ਜੀ ਪਟਿਆਲੇ ਵਾਲਿਆਂ** ਦੇ ਦਰਸ਼ਨ ਕਰਨ ਪਟਿਆਲੇ ਗਏ । ਉਹਨਾਂ ਦਾ ਆਪ ਜੀ ਨਾਲ ਨਿੱਘਾ ਸਨੇਹ ਸੀ । ਦਾਤਿ ਸਦਾ ਸਾਂਈ ਦੇ ਤਰੁਠਣ ਤੇ ਹੀ ਮਿਲਦੀ ਹੈ, ਮੰਗਿਆਂ ਨਹੀਂ । ਸਾਂਈ ਦਾ ਤਰੁਠਣਾ ਜਿਵੇਂ ਪ੍ਰਗਟ ਹੋ ਆਇਆ । ਜਦੋਂ ਸੰਤ ਗਿਆਨੀ ਨਿਰੰਜਨ ਸਿੰਘ ਜੀ ਨੇ ਕੁਝ ਦਿਨ ਬਾਅਦ ਮਨੀਮਾਜਰੇ ਉਹਨਾਂ ਦੀ ਥਾਂ ਤੇ ਆਪ ਜੀ ਦੀ ਡਿਊਟੀ ਕੀਰਤਨ ਕਰਨ ਦੀ ਲਗਾਈ । ਸਤ-ਬਚਨੀ ਜੀਵਨ ਦੇ ਧਾਰਨੀ, ਭਾਈ ਸਾਹਿਬ ਜੀ ਨੇ, ਸਤ ਬਚਨ ਕਹਿ ਕੇ ਸੇਵਾ ਪ੍ਰਵਾਨ ਤਾਂ ਕਰ ਲਈ, ਪਰ ਹੱਥ ਜੋੜ

ਕੇ ਬੇਨਤੀ ਕੀਤੀ ਕਿ "ਦਾਸ ਨੂੰ ਕੀਰਤਨ ਕਰਨਾ ਨਹੀਂ ਆਉਂਦਾ, ਤੁਸੀ ਆਪ ਆਪਣੀ ਬਖਸ਼ਿਸ਼ ਹੇਠ ਇਹ ਸੇਵਾ ਨਿਭਾ ਲੈਣੀ" । ਹੁਣ ਇਤਨੀ ਜਲਦੀ ਤਾਂ ਕੋਈ ਕੀਰਤਨ ਸਿਖਾ ਨਹੀ ਸੀ ਸਕਦਾ । ਤਰੁਠੀ ਗੁਰਮੁਖ ਰੂਹ, ਸੰਤ ਨਿਰੰਜਨ ਸਿੰਘ ਜੀ, ਨੇ ਬਚਨ ਕਰ ਦਿਤਾ, "ਤੁਸੀ ਮੇਰਾ ਹਰਮੋਨੀਅਮ ਲੈ ਕੇ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਲ ਜਾਉ, ਕੇਵਲ ਉਹੀ ਤੁਹਾਨੂੰ ਕੀਰਤਨ ਕਰਨਾ ਸਿੱਖਾ ਸਕਦੇ ਨੇ ।" ਬਚਨ ਮੰਨ ਕੇ ਭਾਈ ਸਾਹਿਬ ਹਰਮੋਨੀਅਮ ਚੁੱਕ, ਗੁਰੂ ਨਾਨਕ ਆਸ਼ਰਮ, ਪਟਿਆਲਾ ਦੇ ਸੱਚਖੰਡ ਅਸਥਾਨ, ਜਿਥੇ ਸਤਿਗੁਰੂ ਜੀ ਦੇ ਪਾਵਨ ਸਰੂਪ ਦੇ ਸੁੱਖ ਆਸਨ ਹੁੰਦੇ ਨੇ, ਚਲੇ ਗਏ । ਅਤਿਅੰਤ ਵੈਰਾਗੀ ਤੇ ਬਹਿਬਲ ਮਨ ਨਾਲ ਇਸ ਬਖਸ਼ਿਸ਼ ਲਈ ਸਤਿਗੁਰੂ ਜੀ ਅਗੇ ਅਰਦਾਸ ਕੀਤੀ, ਜੋਦੜੀ ਕੀਤੀ । ਗਰੀਬ ਨਿਵਾਜ ਸਤਿਗੁਰੂ ਜੀ ਤਰੁਠੇ, ਕਲਾ ਵਰਤ ਗਈ । ਗੁਰਦੇਵ ਜੀ ਦੇ ਦਰ ਬੈਠ ਵਾਜੇ ਤੇ ਹੱਥ ਰਖਦਿਆਂ ਹੀ **"ਵਾਹਿਗੁਰੂ-ਵਾਹਿਗੁਰੂ" ਦੀ ਇਕ ਇਲਾਹੀ ਧੁਨ** ਨਿਕਲੀ ਤੇ ਇਸੇ ਇਕੋ ਹੀ ਸੁਰ ਤੇ ਆਪ ਕਿਤਨਾ ਹੀ ਲੰਮਾ ਸਮਾਂ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ।

"ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥" (੪੫੯)

ਅੰਮ੍ਰਿਤ ਵੇਲੇ ਨਿਰੰਕਾਰ ਨਾਲ ਆਪ ਜੁੜ ਤੇ ਦੂਜਿਆਂ ਨੂੰ ਜੋੜਣ ਦੀ ਜੁਗਤ **"ਸਿਮਰਨ ਸਾਧਨਾ"** ਦੇ ਰੂਪ ਵਿੱਚ ਵੀ ਆਪ ਜੀ ਨੂੰ ਇਸੇ ਹੀ ਦਰ ਤੋਂ ਪ੍ਰਾਪਤ ਹੋਈ ।

ਉਨਾਂ ਕੀਰਤਨ ਨੂੰ 'ਕਿਰਤ' ਵਜੋਂ ਨਹੀਂ, "ਪਰਮੇਸ਼ਰ ਦੀ ਕੀਰਤੀ" ਵਜੋਂ, ਜੀਵਨ ਅਧਾਰ ਬਣਾਇਆ ਤੇ ਸਾਰਾ ਜੀਵਨ ਨਿਸ਼ਕਾਮ ਕੀਰਤਨ ਕਰ ਕਰ ਕੇ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਨਾ ਕੀਤਾ । ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਵੱਖ ਵੱਖ ਵਿਸ਼ਿਆ ਤੇ ਨਵੀਆਂ ਨਵੀਆਂ ਗੁਰਮਤਿ ਵੀਚਾਰਾਂ ਦੁਆਰਾ ਉਹ ਕੀਰਤਨ ਦੀ ਛਹਿਬਰ ਲਾਉਂਦੇ ਤੇ ਅਭਿਲਾਸ਼ੀ ਰੂਹਾਂ ਉਸ ਰਸ ਵਿੱਚ ਮੁਗਧ ਹੋ ਹੋ ਜਾਂਦੀਆ। ਦੇਸ਼ਾ ਵਿਦੇਸ਼ਾਂ ਵਿੱਚ ਜਿੰਨਾਂ ਥਾਂਵਾ ਤੇ ਕੋਈ ਕੀਰਤਨੀਆ ਜਾਂ ਪ੍ਰਚਾਰਕ ਪਹੁੰਚ ਨਹੀਂ ਸੀ ਪਾਉਂਦਾ, ਉਥੇ ਆਪ ਪਹੁੰਚ ਕੇ ਭਟਕੇ ਹੋਏ ਜੀਆਂ ਨੂੰ ਸ਼ਬਦ-ਗੁਰੂ ਨਾਲ ਜੋੜਦੇ ਸਨ । ਇਸ ਮਹਾਨ ਸੇਵਾ ਲਈ **੨੪ ਅਪ੍ਰੈਲ ੧੯੯੬ ਨੂੰ ਸ਼੍ਰੀ ਅਕਾਲ ਤੱਖਤ ਸਾਹਿਬ ਤੋਂ ਆਪ ਜੀ ਨੂੰ "ਨਿਸ਼ਕਾਮ ਕੀਰਤਨੀਏ" ਵੱਜੋਂ ਸਨਮਾਨਿਆ ਗਇਆ ।**

ਉਹਨਾਂ ਗੁਰਬਾਣੀ ਕੀਰਤਨ ਦੀ ਦਾਤਿ ਸਿਰਫ ਆਪਣੇ ਤੱਕ ਹੀ ਸੀਮਤ ਨਹੀਂ ਰਖੀ, ਸਗੋਂ ਬੇਅੰਤ ਗੁਰੂ ਦੇ ਲਾਲਾਂ ਵਿੱਚ ਵੰਡੀ । ਆਪ ਜੀ ਦੀ ਹੀ ਪ੍ਰੇਰਨਾ ਸਦਕਾ ਥਾਂ ਥਾਂ, ਸ਼ਹਿਰ ਸ਼ਹਿਰ ਕਿਤਨੇ ਨਿਸ਼ਕਾਮ ਕੀਰਤਨੀ ਜਥੇ, ਗੁਰਸ਼ਬਦ ਪ੍ਰਚਾਰ ਸਭਾ, ਤੇ ਗੁਰਸਿਖ ਇਸਤਰੀ ਸਤਿਸੰਗ ਸਭਾ, ਦੇ ਨਾਮ ਹੇਠ ਇਸ ਮਹਾਨ ਸੇਵਾ ਨੂੰ ਪ੍ਰਾਪਤ ਹੋਏ । ਭਾਈ ਸਾਹਿਬ **ਭਾਈ ਤਜਿੰਦਰ ਸਿੰਘ ਜੀ ਸ਼ਿਮਲੇ ਵਾਲੇ**, ਜਿਨੑਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ, ਨਿਸ਼ਕਾਮ ਹਜੂਰੀ ਰਾਗੀ ਵਜੋਂ ਸੇਵਾ ਨਿਭਾਉਣ ਦੀ ਬਖਿਸ਼ਸ ਪ੍ਰਾਪਤ ਹੋਈ, ਆਪ ਜੀ ਦੀ ਹੀ ਪ੍ਰੇਰਨਾ ਦੀ ਦੇਣ ਸੀ । ਤੇ ਇਸੇ ਤਰ੍ਹਾਂ ਹੀ ਇਸ ਬਖਸ਼ਿਸ਼ ਨੂੰ ਕਮਾ ਗਏ, **ਭਾਈ ਸਾਹਿਬ ਭਾਈ ਦਵਿੰਦਰ ਸਿੰਘ ਜੀ ।**

ਸਾਰੀ ਉਮਰੇ ਕੇਵਲ, "ਗੁਰੂ ਮਾਨਿਉ ਗ੍ਰੰਥ" ਦੇ ਹੁਕਮ ਦੀ ਵਾੜ ਨਾ ਸਿਰਫ ਆਪਣੇ ਦੁਆਲੇ ਲਾਈ ਰਖੀ ਸਗੋਂ ਦੂਜਿਆਂ ਨੂੰ ਵੀ ਗੁਰਮਤਿ ਦੇ ਇਸ ਸਿਧਾਂਤ ਨਾਲ ਜੋੜੀ ਰਖਿਆ।

" ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥" (੧੪੨੧)

ਆਪ ਕਹਿੰਦੇ ਕਿ ਗੁਰਮੁਖ ਨਾਲ ਦੋਸਤੀ ਤਾਂ ਕੀਤੀ ਜਾ ਸਕਦੀ ਹੈ, ਸਾਂਝ ਰਖੀ ਜਾ ਸਕਦੀ ਹੈ, ਸੰਗਤ ਕੀਤੀ ਜਾ ਸਕਦੀ ਹੈ **ਪਰ ਸੁਰਤ ਕਿਸੇ ਕੋਲ ਗਿਰਵੀ ਨਹੀਂ ਰਖੀ ਜਾ ਸਕਦੀ,** ਭਾਵੇ ਉਹ ਕਿੰਨ੍ਹਾ ਵਡੇ ਤੋਂ ਵਡਾ ਵਿਅਕਤੀ ਵੀ ਕਿਉਂ ਨਾ ਹੋਵੇ । **"ਸੁਰਤ ਨੂੰ ਕੇਵਲ ਤੇ ਕੇਵਲ ਸਤਿਗੁਰ ਜੀ ਨਾਲ ਹੀ ਜੋੜ ਕੇ ਰਖਣਾ ਬਣਦਾ ਹੈ "** । ਭੁਲੀ ਭਟਕੀ ਲੁਕਾਈ ਜੋ ਤਸਵੀਰਾਂ ਤੇ ਮੂਰਤੀਆਂ ਦੇ ਧਿਆਨ ਦੇ ਮਨਮਤ ਦੇ ਹਨੇਰੇ ਵਿੱਚ ਵਿਚਰ ਰਹੀ ਸੀ, ਉਹਨਾਂ ਨੂੰ **"ਸਬਦੁ ਗੁਰੂ ਸੁਰਤਿ ਧੁਨਿ ਚੇਲਾ"** (੯੪੩) ਦੇ ਗੁਰ ਉਪਦੇਸ਼ ਦ੍ਰਿੜਾਏ ਅਤੇ

"ਜਾਗਤ ਜੋਤਿ ਜਪੈ ਨਿਸਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮੱਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਪ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥"
(੩੩ ਸਵਈਏ ਪਾਤਸ਼ਾਹੀ ੧੦)

**ਅਤੇ**

"ਧਿਆਨ ਧਰੋ ਤਿਹ ਕੋ ਮਨ ਮੈਂ ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ ॥"

**ਅਤੇ**

"ਨਾ ਧਿਆਨ ਆਨਿ ਕੋ ਧਰੋ, ਨਾ ਨਾਮ ਆਨਿ ਉਚਰੋ
ਪਰਮ ਧਿਆਨ ਧਾਰੀਅਨ, ਅਨੰਤ ਪਾਪ ਟਾਰੀਅਨ ॥"

ਦੀ ਗੁਰਮਤਿ ਲੋਅ ਦੁਆਰਾ ਮਨਮਤ ਦੇ ਘੁੱਪ ਹਨੇਰੇ ਦੂਰ ਕੀਤੇ । **ਆਪ ਸ਼ਬਦ ਗੁਰੂ ਦੇ ਸਿਧਾਂਤ** ਤੇ ਇਤਨੇ ਦ੍ਰਿੜ ਸਨ ਕਿ ਆਪ ਸਦਾ ਕਹਿੰਦੇ ਕਿ ਜੇ ਸਿੱਖ ਦੇ ਹਿਰਦੇ ਵਿੱਚ ਗੁਰੂ ਦੀ ਪ੍ਰੀਤ ਤੇ ਗੁਰੂ ਤੇ ਪ੍ਰਤੀਤ ਹੋਵੇ, ਤਾਂ ਉਸ ਨੂੰ ਜੀਵਨ ਵਿੱਚ ਕਦੀ ਵੀ ਤੇ ਕਿਸੇ ਗਲੋਂ ਵੀ ਤੋਟਾ ਆ ਹੀ ਨਹੀ ਸਕਦੀ ।

ਆਪ ਕਹਿੰਦੇ, **"ਜੇ ਭੁਖਿਆਂ ਨੂੰ ਲੰਗਰ ਛਕਾਉਣਾ, ਸੱਚਾ ਸੋਦਾ ਹੈ ਤਾਂ ਅਗਿਆਨਤਾ ਵਿੱਚ ਗੁਰਮਤਿ ਗਿਆਨ ਦੀ ਲੋਅ ਵੰਡਣੀ, ਦੁਖੀਆਂ ਨੂੰ ਸੁੱਖ ਪਹੁੰਚਾਉਣਾ, ਨਿਆਸਰਿਆਂ ਨੂੰ ਸਹਾਰਾ ਦੇਣਾ ਤੇ ਨਿਗੁਰਿਆਂ ਨੂੰ ਗੁਰੂ ਵਾਲੇ ਬਣਾਉਣਾ ਵੀ ਸੱਚਾ ਸੋਦਾ ਹੈ "** ।

**ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ** ਵਾਲਿਆਂ ਦੀ ਪ੍ਰੇਰਣਾ ਸਦਕਾ ਜੀਵਨ ਭਰ ਨਿਗੁਰਿਆਂ ਨੂੰ ਗੁਰੂ ਵਾਲਾ ਬਣਾਉਣ ਹਿਤ ਸਮਾਗਮ ਕਰਦੇ, ਪ੍ਰੇਰਨਾ ਸਰੋਤ ਬਣੇ, ਇਸ ਸੱਚੇ ਸੋਦੇ ਦੀ ਕਮਾਈ ਕਰਦੇ ਰਹੇ । ੧੯੯੯ ਦੀ ਖਾਲਸਾ ਪੰਥ ਦੀ ਸਿਰਜਣਾ ਦੀ ਤੀਸਰੀ ਸ਼ਤਾਬਦੀ ਦੇ ਸਮੇਂ ਦੇਸ਼ ਦੇ ਵੱਖ ਵੱਖ ਹਿਸਿਆਂ ਵਿੱਚੋਂ ਭਾਈ ਸਾਹਿਬ ਜੀ ਦੀ ਪ੍ਰੇਰਨਾ ਸਦਕਾ **੧੮੦੦੦ ਤੋਂ ਵੱਧ ਅੰਮ੍ਰਿਤ ਅਭਿਲਾਸ਼ੀਆਂ ਨੇ ਇਕੋ ਵਾਰ ਤੱਖਤ ਸ਼੍ਰੀ ਕੇਸਗੜ ਸਾਹਿਬ ਵਿੱਖੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ** । ਕੇਵਲ ਇਤਨਾਂ ਹੀ ਨਹੀਂ ਇਸ ਸੇਵਾ ਨੂੰ ਨਿਰੰਤਰ ਜਾਰੀ ਰਖਣ ਹਿਤ, ਆਪ ਨੇ ਪੰਜਾਬ ਤੇ ਪੰਜਾਬ ਤੋਂ ਬਾਹਰ ਵੀ ਗੁਰੂ ਦੇ ਪਿਆਰ ਵਾਲੇ, ਨਿਤਨੇਮੀ, ਗੁਰਸਿਖਾਂ ਦੇ ਜਥੇ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਉਣ ਹਿਤ ਥਾਂ-ਥਾਂ ਕਾਇਮ ਕੀਤੇ ਜਿਹੜੇ ਵੱਖ ਵੱਖ ਗੁਰੂ ਅਸਥਨਾਂ ਵਿੱਚ ਹਫਤਾਵਾਰੀ ਤੇ ਮਹੀਨੇ ਵਾਰੀ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾ, ਇਸ ਮਹਾਨ ਸੇਵਾ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ । ਗੁਰੂ ਇਹਨ੍ਹਾਂ ਸੇਵਾਦਾਰਾਂ ਨੂੰ ਆਪਣੀ ਸੁਮਤਿ ਬਖਸ਼ ਕੇ ਆਪਣੀ ਸੇਵਾ ਲੈਂਦੇ ਰਹਿਣ ਤੇ ਇਹ ਬਗੀਚੀ ਪ੍ਰਫੁਲਤ ਰਹੇ ।

ਸਤਿਗੁਰ ਨਾਨਕ ਪਾਤਸ਼ਾਹ ਨੇ ਸਿੱਖ ਧਰਮ ਦੀ ਨੀਂਹ "ਸੇਵਾ" ਤੇ "ਸਿਮਰਨ" ਦੇ ਅਧਾਰ ਤੇ ਰੱਖੀ । ਉਨਾਂ ਫੁਰਮਾਇਆ "ਸੇਵਾ ਕਰਨੀ ਸਾਰੀ"। ਭਾਵ ਸੇਵਾ ਹੀ ਸ਼੍ਰੇਸ਼ਟ ਕਰਮ ਹੈ । "ਸੇਵਾ" ਹੈ ਦੋ ਅੱਖਰਾਂ ਦਾ ਛੋਟਾ ਜਿਹਾ ਸ਼ਬਦ ਪ੍ਰੰਤੂ ਇਸੇ ਦੇ ਅਰਥਾਂ ਦਾ ਘੇਰਾ ਅਥਾਹ ਵਿਸ਼ਾਲ ਹੈ । ਜਿਸ ਦੀ ਡੂੰਘਾਈ ਦੀ ਤਹਿ ਤੱਕ ਤੇ ਉਚਾਈ ਦੇ ਅਰਸ਼ਾਂ ਤੱਕ ਪਹੁੰਚਣਾ ਮੁਸ਼ਿਕਲ ਹੀ ਨਹੀਂ ਅਸੰਭਵ ਵੀ ਹੈ । ਨਿਰਗੁਨ ਸਰੂਪ ਪਰਮੇਸ਼ਰ ਦੇ ਉਪਾਸ਼ਕ, ਨੇੜਿਉਂ ਤੱਕੇ, ਭਾਈ ਸਾਹਿਬ ਜੀ, ਜਿਥੇ ਨਾਮ ਸਿਮਰਨ ਸਦਕਾ, ਆਤਮਾ ਕਰਕੇ ਨਿਰਗੁਨ ਸਰੂਪ ਪਰਮੇਸ਼ਰ ਨਾਲ ਜੁੜੇ ਰਹੇ ਉਥੇ ਪਰਮੇਸ਼ਰ ਦੇ ਸਰਗੁਨ ਸਰੂਪ ਦਾ ਦੀਦਾਰ ਜਦੋਂ ਦੁਖੀ ਲੁਕਾਈ, ਵਿੱਚ ਕੀਤਾ ਤਾਂ ਸਰੀਰ ਕਰਕੇ ਆਪਣਾ ਜੀਵਨ ਇਹਨ੍ਹਾਂ ਦੀ ਸੇਵਾ ਵਿੱਚ ਲਗਾ ਦਿੱਤਾ ।

" ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥" (੨੬)

ਮਾਨਵਤਾ ਦੀ ਇਸ ਸੇਵਾ ਭਾਵਨਾ ਸਦਕਾ ਹੀ ਨੈਣਾ ਦੇ ਰੋਗਾਂ ਤੋਂ ਪੀੜਤ ਲੁਕਾਈ ਦੀ ਸੰਭਾਲ ਲਈ **"ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਆਈ ਹੋਸਪਿਟਲ" ੨ ਅਪ੍ਰੈਲ ੧੯੯੫ ਨੂੰ, ਸੋਹਾਣਾ ਵਿਖੇ, ਹੋਂਦ ਵਿੱਚ ਆਇਆ** । ਜਿਸ ਦਾ ਨੀਂਹ ਪੱਥਰ ਤੇ ਪਹਿਲੇ ਪੜਾਅ ਦਾ ਉਦਘਾਟਨ ਪੰਜਾਂ ਪਿਆਰਿਆਂ ਦੇ ਮੁਬਾਰਕ ਹੱਥਾਂ ਤੋਂ ਹੋਇਆ । ਜਿਥੇ ਧਰਮ, ਜਾਤ-ਪਾਤ, ਅਮੀਰੀ-ਗਰੀਬੀ, ਕੋਮਾਂ, ਦੇਸ਼ਾ ਤੇ ਸਮਾਜਿਕ ਵਿੱਤਕਰਿਆਂ ਤੋਂ ਉੱਪਰ ਉਠ ਸੇਵਾ ਕੀਤੀ ਜਾਂਦੀ ਹੈ । ਇੱਥੇ ਆਧੁਨਿਕ ਤੇ ਨਵੀਨ ਟੈਕਨੋਲੋਜੀ ਅਨੁਸਾਰ ਸੋਫਿਸਟੀਕੇਟਿਡ ਮਸ਼ੀਨਰੀ ਉਪਲਬੱਧ ਹੈ । **ਸੰਨ ੨੦੦੧ ਵਿੱਚ ਇਸ ਅੱਖਾਂ ਦੇ ਹਸਪਤਾਲ ਨੂੰ ਮਲਟੀ-ਸਪੈਸ਼ਲਟੀ ਹਾਸਪਤਾਲ ਦਾ ਰੂਪ ਦਿੱਤਾ ਗਇਆ**, ਜਿਸ ਵਿੱਚ ਅੱਖਾਂ ਦੇ ਇਲਾਜ ਦੇ ਨਾਲ ਨਾਲ ਦੰਦਾਂ, ਹੱਡੀਆਂ ਤੇ ਜੋੜਾਂ, ਬੱਚਿਆਂ, ਇਸਤਰੀ ਰੋਗਾਂ, ਈ.ਐਨ.ਟੀ, ਸਕਿਨ ਦੇ ਇਲਾਜ ਲਈ ਵੱਖ ਵੱਖ ਵਿਭਾਗ ਹਨ । ਆਈ ਬੈਂਕ ਐਸੋਸੀਏਸ਼ਨ ਆਫ ਇੰਡੀਆ ਵਲੋਂ ਮਾਨਤਾ ਪ੍ਰਾਪਤ ਆਈ ਬੈਂਕ ਦੀ ਸਥਾਪਨਾ ਕੀਤੀ ਜਿਸ ਸਦਕਾ ਦਾਨੀ ਸਜਣਾਂ ਦੇ ਦਾਨ ਕੀਤੇ ਨੇਤਰ (ਕੋਰਨੀਆ) **ਦੀ ਟ੍ਰਾਂਸਪਲਾਂਟੇਸ਼ਨ ਸਦਕਾ ਸੈਂਕੜੇ ਹੀ ਲੋੜਵੰਦਾ ਨੂੰ ਜਿਨਾਂ ਦਾ ਜੀਵਨ ਨੇਤਰ ਹੀਨ ਹੋਣ ਕਾਰਨ ਘੁੱਪ ਹਨੇਰਾ ਸੀ, ਨੂੰ ਗੁਰੂ ਕਿਰਪਾ ਸਦਕਾ, ਚਾਨਣ ਪ੍ਰਾਪਤ ਹੋਇਆ** ।

ਆਪ ਕਹਿਆ ਕਰਦੇ ਸਨ, **"ਭਲਿਓ ! ਅੱਖਾਂ ਮਰਨਾ ਨਹੀਂ ਚਾਹੁੰਦੀਆਂ** ਤੇ ਸ਼ਰੀਰ ਦੇ ਮਰਨ ਤੋਂ ਕਈ ਘੰਟੇ ਬਾਅਦ ਵੀ ਇਹ ਜੀਉਂਦੀਆਂ ਨੇ । ਜੇ ਇਹ ਇੰਝ ਹੀ ਜੀਉਂਦੀਆਂ ਰਹਿਣਾ ਚਾਹੰਦੀਆਂ ਨੇ, ਤਾਂ ਆਉ ਇਹਨਾਂ ਨੂੰ ਜਿਉਂਦਾ ਰਖੀਏ ।" ਆਮ ਤੌਰ ਤੇ ਗੁਰਮਤਿ ਸਮਾਗਮਾਂ ਵਿਚ ਆਪ ਕਿਹਾ ਕਰਦੇ ਸਨ ਕਿ **ਗੁਰਸਿਖਾਂ ਦੇ ਨੇਤਰ ਤਾਂ ਉਂਝ ਵੀ ਬੜੇ ਕੀਮਤੀ ਹੁੰਦੇ ਹਨ, ਜਿਨਾਂ ਨਿਤ ਗੁਰਬਾਣੀ-ਰੂਪ ਗੁਰੂ ਦੇ ਦੀਦਾਰ ਕੀਤੇ ਹਨ, ਗੁਰੂ ਦੀ ਸੰਗਤ ਦੇ ਦੀਦਾਰ, ਗੁਰੂ ਦੇ ਬਖਸ਼ਿਆਂ ਹੋਇਆਂ ਦੇ ਦੀਦਾਰ** । ਕਹਿੰਦੇ, ਜਿਉਂਦੇ ਜੀਅ ਇਹਨ੍ਹਾਂ ਨੇਤਰਾਂ ਦਾ ਸੁੱਖ ਮਾਣੋ ਪਰ ਮਰਨ ਤੋਂ ਬਾਅਦ ਇਹ ਕਿਸੇ ਲੋੜਵੰਦ ਦੇ ਘੁੱਪ ਹਨੇਰੇ ਜੀਵਨ ਨੂੰ ਜੇ ਲੋਅ ਪ੍ਰਦਾਨ ਕਰ ਸਕਣ ਦੇ ਯੋਗ ਹੋਣ, ਤਾਂ ਇਹ ਇਸ ਕਾਰਜ ਲਈ ਭੇਟਾ ਕਰ ਦੇਣ ਦਾ ਸੰਕਲਪ ਜਰੂਰ ਕਰਨਾ । ਖੰਨੇ ਦੇ ਇਕ ਬੱਚੇ ਦੀ ਐਕਸੀਡੈਂਟ ਦੁਆਰਾ ਹੋਈ ਮੋਤ ਤੇ ਉਸ ਦੇ ਮਾਤਾ ਪਿਤਾ ਨੂੰ ਪਰੇਰ ਕੇ ਬੱਚੇ ਦੇ ਨੇਤਰ ਦੋ ਹੋਰ ਬੱਚਿਆਂ ਨੂੰ ਟ੍ਰਾਂਸਪਲਾਂਟ ਕੀਤੇ ਗਏ । ਮ੍ਰਿਤਕ ਬੱਚੇ ਦੇ ਭੋਗ ਸਮੇਂ ਉਹ ਦੋ ਬੱਚੇ ਜਿਹੜੇ ਹੁਣ ਸੰਸਾਰ ਨੂੰ ਵੇਖ ਸਕਦੇ ਹਨ, ਜਦੋਂ ਸੰਗਤਾਂ ਦੇ ਸਨਮੁਖ ਕੀਤੇ, ਤੇ ਮ੍ਰਿਤਕ ਬੱਚੇ ਦੇ ਮਾਤਾ ਪਿਤਾ ਨੂੰ ਕਿਹਾ ਕਿ ਵੇਖੋ ਤੁਹਾਡਾ ਬੱਚਾ ਅੱਜ ਵੀ ਤੁਹਾਨੂੰ ਤੱਕ ਰਿਹਾ ਹੈ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਇੱਕਤਰਤ ਸੰਗਤ ਵਿੱਚ ਕੋਈ ਵੀ ਐਸਾ ਨਹੀਂ ਸੀ ਜਿਸ ਦੇ ਨੈਣ ਸੇਜਲ ਨਾ ਹੋ ਗਏ ਹੋਣ ।

ਇਕ ਬਹੁਤ ਵਡਮੁੱਲੀ ਗੱਲ ਜਿਹੜੀ ਆਪ ਪ੍ਰਚਾਰ ਹਿੱਤ ਕਹਿੰਦੇ ਸਨ ਕਿ **'ਦਾਨ' ਉਹ ਚੀਜ਼ ਕੀਤੀ ਜਾਂਦੀ ਹੈ ਜੋ ਆਪਣੀ ਬਣਾਈ ਜਾਂ ਆਪਣੀ ਉਪਜ ਹੋਵੇ, ਨੇਤਰ ਤਾਂ ਸਾਨੂੰ ਪ੍ਰਮੇਸ਼ਰ ਵਲੋਂ ਦਾਨ ਵਿੱਚ ਮਿਲੇ ਨੇ । ਮੁਬਾਰਕ ਹੈ , ਅਸੀ ਇਹਨਾਂ ਨੂੰ ਜਿਉਂਦੇ ਜੀਅ ਵਰਤੀਏ ਤੇ ਮਰਨ ਤੋਂ ਬਾਅਦ ਇਹ ਨੇਤਰ ਉਸੇ ਨਿਰੰਕਾਰ ਦੀ ਬਣਾਈ ਹੋਈ ਮਨੁਖਤਾ ਨੂੰ ਭੇਂਟ ਕਰ ਜਾਈਏ** । ਇਕ ਕਰੋੜ ਤੋਂ ਕਿੱਨੇ ਹੀ ਵੱਧ ਨੇਤਰਹੀਨ ਨੇ ਤੇ ੨੫ ਲੱਖ ਤੋਂ ਵੱਧ ਦੁੱਖੀ ਲੋੜਵੰਦ ਜੀਵ ਕੋਰਨੀਆ ਦੀ ਉਡੀਕ ਵਿੱਚ ਖੜੇ ਨੇ ।

ਇਸ ਹਸਪਤਾਲ ਦੀ ਸੇਵਾਵਾਂ ਵਿੱਚ ਦੂਰ ਦੁਰੇਡੇ, ਪੰਜਾਬ ਤੇ ਪੰਜਾਬੋਂ ਬਾਹਰ ਆਈ ਕੈਂਪ ਲਗਾ ਕੇ ਲੋੜਵੰਦਾਂ ਨੂੰ ਮੁਫਤ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ । ਇਨਕਮ ਟੈਕਸ ਦੀ ਧਾਰਾ ੮੦ (ਘ) ਹੇਠਾਂ ਕੀਤਾ ਦਾਨ ਟੈਕਸ ਤੋਂ ਮੁਕਤ ਹੈ ।

ਸੱਚ ਆਖਾਂ ! ਵੱਖ ਵੱਖ ਰੋਗਾਂ ਨਾਲ ਪੀੜਤ ਮਨੁੱਖਤਾ ਲਈ ਇਹ **ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਆਈ ਹੋਸਪਿਟਲ** ਜਿਵੇਂ, **"ਸੇਵਾ ਦਾ ਮੰਦਿਰ ਹੋਵੇ", "ਦੁਖੀ ਮਨੁੱਖਤਾ ਦੀ ਸੇਵਾ ਦਾ ਪੂਜਾ ਅਸਥਾਨ"** ਜਿਥੇ ਹਰ ਤਰ੍ਹਾਂ ਦੇ ਵਿਤਕਰਿਆਂ ਤੋਂ ਉੱਚੇ ਉਠ, ਦੁਖੀਆਂ ਦੀ ਸੇਵਾ ਕੀਤੀ ਜਾਂਦੀ ਹੈ ਤੇ ਇੰਝ ਕਰਦਿਆਂ "ਸੇਵਾ ਕਰਤ ਹੋਇ ਨਿਹਕਾਮੀ ॥" ਦੇ ਗੁਰਉਪਦੇਸ਼ ਨੂੰ ਕਮਾਇਆ ਜਾਂਦਾ ਹੈ ।

ਆਪ ਕਹਿੰਦੇ, "ਜੇ ਇਸ ਜਨਮ ਵਿੱਚ ਮੈਂ ਗੁਰੂ ਕਿਰਪਾ ਸਦਕਾ, **ਕੇਵਲ "ਗੁਰਸਿੱਖ"** ਹੀ ਹੋ ਸਕਾਂ ਤਾਂ ਮੈਂ ਆਪਣੇ ਆਪ ਨੂੰ ਵਡਭਾਗੀ ਤੇ ਸਫਲ ਜੀਵਨ ਵਾਲਾ ਸਮਝਾਂਗਾ । ਸਾਰੀ ਉਮਰੇ ਸੰਗਤਾਂ ਨੂੰ ਗੁਰਸ਼ਬਦ ਨਾਲ ਜੁੜਨ ਦੀ ਪ੍ਰੇਰਨਾ ਕਰਦੇ ਰਹੇ ਤੇ ਆਪਣੇ ਨਾਮ ਨਾਲ **"ਸੰਤ" ਜਾਂ "ਬਾਬਾ" ਸ਼ਬਦ ਨਹੀਂ ਵਰਤਿਆ, ਕੇਵਲ "ਭਾਈ" ਤੇ "ਵੀਰਜੀ" ਅਖਵਾਏ** ।

ਗੁਰਬਾਣੀ ਤੇ ਅੱਟਲ ਵਿਸ਼ਵਾਸ ਤੇ ਗੁਰਵਾਕ, **"ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥"** ਦੀ ਕਮਾਈ ਤੇ ਸੋਚ ਨੂੰ ਸੰਸਾਰ ਵਿੱਚ ਪ੍ਰਗਟ ਕੀਤਾ ਕਿ ਸੱਚੇ ਦੀ ਸੱਚੀ ਬਾਣੀ ਦੇ ਸਰਵਣ ਸਦਕਾ ਦੁੱਖ, ਰੋਗ ਤੇ ਸੰਤਾਪ ਮਿਟ ਜਾਂਦੇ ਨੇ । ਕਿਨ੍ਹਾਂ ਕਿਨ੍ਹਾਂ ਘਟਨਾਵਾਂ ਦਾ ਵਰਨਣ ਕਰਾਂ, ਕਿਨ੍ਹਾਂ ਕਿਨ੍ਹਾਂ ਦੀ ਦਾਸਤਾਨ ਲਿੱਖ ਸੁਣਾਵਾਂ ਜਿਨਾਂ ਤੇ ਬਾਣੀ ਦਾ ਇਹ ਸੱਚ ਜ਼ਾਹਿਰਾ ਪ੍ਰਗਟ ਹੋਇਆ । ਭਾਈ ਸਾਹਿਬ ਭਾਈ ਹਰਵਿੰਦਰ ਸਿੰਘ ਜੀ, ਜੋ ਅੱਜਕਲ ਗੁਰਦੁਆਰਾ ਗੁਰਸ਼ਬਦ ਪ੍ਰਕਾਸ਼, ਅਕਾਲ ਆਸ਼ਰਮ, ਸੁਹਾਣਾ ਵਿਖੇ ਹੈਡ ਗ੍ਰੰਥੀ ਦੀ ਸੇਵਾ ਨਿਭਾ ਰਹੇ ਨੇ, ਇਕ ਅਤਿ ਭਿਆਨਕ ਬਿਮਾਰੀ ਤੋਂ ਛੁਟਕਾਰਾ ਇਸੇ ਬਾਣੀ ਸਰਵਣ ਸਦਕਾ ਪ੍ਰਾਪਤ ਕੀਤਾ ।

ਇੰਗਲੈਂਡ ਨਿਵਾਸੀ ਸ: ਜਸਵਿੰਦਰ ਸਿੰਘ ਜੀ ਕੋਹਲੀ (ਬਾਵਾ ਜੀ) ਜੋ ਕੈਂਸਰ ਨਾਲ ਪੀੜਤ ਸਨ ਤੇ ਜੀਵਨ ਤੋਂ ਨਿਰਾਸ਼ ਹੋ ਚੁੱਕੇ ਸਨ । ਭਾਈ ਸਾਹਿਬ ਜੀ ਦੀ ਪ੍ਰੇਰਨਾ ਸਦਕਾ, ਪਿਆਰ ਤੇ ਵਿਸ਼ਵਾਸ਼ ਨਾਲ ਜਦੋਂ ਬਾਣੀ ਸਰਵਨ ਕੀਤੀ ਤਾਂ ਗੁਰੂ ਦੀ ਕਿਰਪਾ ਦੁਆਰਾ ਅਰੋਗ ਜੀਵਨ ਨੂੰ ਪ੍ਰਾਪਤ ਹੋਏ ਤੇ ਅੱਜ ਗੁਰੂ ਘਰ ਦੀਆਂ ਮਹਾਨ ਸੇਵਾਵਾਂ ਨਿਭਾ ਰਹੇ ਨੇ । ਇੰਗਲੈਂਡ ਨਿਵਾਸੀ ਬੀਬੀ ਬਲਜੀਤ ਕੋਰ ਨੇ ਵੀ ਗੁਰਬਾਣੀ ਦੇ ਇਸ ਬਚਨ ਨੂੰ ਕਮਾ ਕੇ ਨਾਮੁਰਾਦ ਰੋਗ ਤੋਂ ਛੁਟਕਾਰਾ ਪਾਇਆ ।

**ਬਾਬਾ ਸ਼ਾਮ ਸਿੰਘ ਜੀ** ਤੇ ਹੋਰ ਬੇਅੰਤ ਗੁਰੂ ਬਖਸ਼ੀਆਂ ਰੂਹਾਂ ਦਾ ਅਥਾਹ ਪਿਆਰ ਤੇ ਅਸੀਸਾਂ ਭਾਈ ਸਾਹਿਬ ਲਈ ਅਮੋਲਕ ਦਾਤ ਸਨ ।

ਦੂਰ ਦਰਾਡੇ ਦੇਸ਼ ਵਿਦੇਸ਼ਾ ਵਿੱਚ ਅੰਮ੍ਰਿਤ ਬਾਣੀ ਦੇ ਮਹਾਨ ਉਪਦੇਸ਼ਾ ਨੂੰ ਕੀਰਤਨ ਤੇ ਗੁਰਮਤਿ ਵੀਚਾਰਾਂ ਦੁਆਰਾ ਪਰਚਾਰਿਆ । ਇਹ ਜੁਲਾਈ ੨੦੦੩ ਦੀ ਗੱਲ ਹੈ ਜਦੋਂ **ਗੋਰਿਆਂ ਦੀ ਧਰਤੀ** ਤੇ ਜਿਥੇ ਅੰਮ੍ਰਿਤ ਵੇਲੇ ਕੋਈ ਜਾਗਦਾ ਨਹੀਂ ਉਥੇ ਪਹੁੰਚ ਕੇ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਸਨਮਾਨਿਤ "ਨਿਸ਼ਕਾਮ ਕੀਰਤਨੀਏ", ਗੁਰਮੁੱਖ ਰੂਹ, ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਨੇ ਪਹਿਲੀ ਵਾਰ ਵੱਖ ਵੱਖ ਗੁਰ ਅਸਥਾਨਾਂ ਵਿੱਚ **"ਵਾਹਿਗੁਰ-ਵਾਹਿਗੁਰੂ" ਗੁਰਮੰਤਰ ਦਾ ਸਿਮਰਨ ਕਰਾ ਕਰਾ ਕੇ ਇਸ ਦੀਆਂ ਗੂੰਜਾਂ ਪਾਈਆਂ** । ਜਦੋਂ ਆਪ ਪਹਿਲੀ ਵਾਰ ਲੰਡਨ ਦੇ ਹਵਾਈ ਅੱਡੇ ਤੇ ਪਹੁੰਚੇ ਤਾਂ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਤੋਂ ਇਲਾਵਾ ਕੈਨੇਡਾ, ਫਰਾਂਸ, ਜਰਮਨੀ ਆਦਿ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਜੀ ਆਇਆ ਕਹਿਣ ਵਾਸਤੇ ਪਹੁੰਚੀਆਂ ਹੋਈਆ ਸਨ ਤੇ ਫਿਰ ਹੋਰ ਦੇਸ਼ਾ ਵਿੱਚ ਕੀਰਤਨ ਦੀਆਂ ਹਾਜਰੀਆਂ ਸਮੇਂ ਆਪ ਜੀ ਦੇ ਸਾਰੇ ਪ੍ਰੋਗਰਾਮ ਦੇਸ਼ਾ ਵਿਦੇਸ਼ਾ ਵਿਚ ਸਿਧੇ ਪ੍ਰਸਾਰਨ ਕੀਤੇ ਜਾਂਦੇ ।

"ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ" (੫੫੫)

ਤੇ ਇਸ "ਹਰਿ ਕੇ ਪਿਆਰੇ" ਨੂੰ **ਕਨੇਡਾ** ਵਿੱਚ ਗੁਰਮਿਤ ਸਮਾਗਮਾਂ ਵਿੱਚ ਸੇਵਾ ਨਿਭਾਉਂਦਿਆਂ ਉਥੋਂ ਦੀ ਸਰਕਾਰ ਵਲੋਂ, ਮੰਤਰੀ ਜਿਮ ਪੇਨਟਾਇਮ ਨੇ ਸਨਮਾਨਿਤ ਕੀਤਾ।

"ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥" (੨੭੩)

ਬ੍ਰਹਮ ਗਿਆਨੀ ਅੰਦਰ ਪਰਉਪਕਾਰ ਕਿਸੇ ਵਿਉਂਤ ਜਾਂ ਯੋਜਨਾ ਦੀ ਦੇਣ ਨਹੀਂ, ਸਗੋਂ ਉਹਨਾਂ ਅੰਦਰ ਤਾਂ ਪਰਉਪਕਾਰ ਦਾ ਉਮਾਹ ਹੁੰਦਾ ਹੈ । ਉਹ ਜਨਮ ਲੈਂਦੇ ਹੀ

ਪਰਉਪਕਾਰ ਹਿਤ ਨੇ । ਐਸੇ ਹੀ ਸਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ, ਜਿਨ੍ਹਾਂ ਦੇ ਅੰਦਰ ਹਰ ਸਮੇਂ ਪਰਉਪਕਾਰ ਦਾ ਉਮਾਹਾ ਬਣਿਆ ਰਹਿੰਦਾ । ਉਹਨਾਂ ਦਾ ਜੀਵਨ ਉਸ ਰੁੱਖ ਵਾਂਗੂ ਤਕਿਆ ਹੈ, ਜੋ ਧਰਤੀ ਤੇ ਉਲਟਾ ਖੜਿਆ ਹੋਵੇ । ਆਪ ਦੁੱਖ ਸਹਿ, ਦੂਜਿਆਂ ਨੂੰ ਸੁੱਖ ਦੇਣ ਵਾਲਾ । ਤਪੱਸ਼ ਵਿੱਚ ਤੱਪਦੇ ਰਾਹੀਆਂ ਨੂੰ ਛਾਂ ਦੇਣ ਵਾਲਾ । ਪੱਥਰ ਮਾਰਨ ਵਾਲਿਆਂ ਨੂੰ ਬਦਲੇ ਵਿੱਚ ਫੱਲ ਦੇ ਉਹਨਾਂ ਦੀ ਭੁੱਖ ਦੂਰ ਕਰਨ ਵਾਲਾ । ਆਪ ਧੁੱਪ ਸਹਿ ਦੂਜਿਆਂ ਨੂੰ ਛਾਂ ਬੱਖਸ਼ਣ ਵਾਲਾ ਸੀ । ਜਿਸ ਜੀਵਨ ਦਾ ਵਰਨਣ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਚੋਦਵੀਂ ਵਾਰ ਦੀ ਅੱਠਵੀਂ ਤੇ ਨੋਂਵੀ ਪਉੜੀ ਵਿੱਚ ਇੰਝ ਕੀਤਾ ਹੈ ।

"ਧਰਤੀ ਉਤੈ ਰੁਖ ਸਿਰ ਤਲਵਾਇਆ ।
ਆਪਿ ਸਹੰਦੇ ਦੁਖ ਜਗੁ ਵਰੁਸਾਇਆ ।
ਫਲ ਦੇ ਲਾਹਨਿ ਭੁਖ ਵਟ ਵਗਾਇਆ ।
ਛਾਵ ਘਣੀ ਬਹਿ ਸੁਖ ਮਨੁ ਪਰਚਾਇਆ ।
ਵਢਨਿ ਆਇ ਮਨੁਖ ਆਪੁ ਤਛਾਇਆ ।
ਵਿਰਲੇ ਹੀ ਸਨਮੁਖ ਭਾਣਾ ਭਾਇਆ । ੮ ॥

ਹਰ ਸਾਲ ਹਜ਼ਾਰਾ ਦੀ ਗਿਣਤੀ ਵਿੱਚ ਥਾਂ ਥਾਂ ਲੋੜਵੰਦ ਬਚਿਆਂ ਨੂੰ ਸਕੂਲਾਂ ਤੋਂ ਬਾਹਰ ਨੰਗੇ ਪੈਰਾਂ ਵਾਲਿਆਂ ਨੂੰ ਜੋੜੇ, ਨੰਗਿਆਂ ਨੂੰ ਬਸਤਰ, ਸਵੈਟਰਾਂ, ਲੋੜਵੰਦਾਂ ਲਈ ਕੰਬਲ ਤੇ ਨਿਆਸਰੇ ਬਚਿਆਂ ਦੀਆਂ ਫੀਸਾਂ ਤੇ ਵਿਦਅਕ ਖਰਚੇ ਅਤੇ ਵਿਧਵਾਵਾਂ ਦੀ ਮਾਇਕ ਸਹਾਇਤਾ ਗੁਪਤ ਰੂਪ ਵਿੱਚ ਵੱਡੇ ਪੱਧਰ ਤੇ ਕਰਦੇ ।

ਕੌਮ ਵਿੱਚ ਵੱਧ ਰਹੇ ਪਤਿਤ ਪੁਣੇ ਦੀ ਪੀੜਾ, ਉਹਨਾਂ ਅੰਦਰ ਅਸਹਿ ਸੀ । ਹਰ ਹੀਲੇ ਕੌਮ ਦੀ ਨਿਘਰਦੀ ਜਾਂਦੀ ਇਸ ਸਥਿਤੀ ਨਾਲ ਜੂਝਣ ਲਈ, ਉਪਰਾਲੇ ਕੀਤੇ ਤੇ ਘਰ ਘਰ ਪਤਿਤ ਬੱਚਿਆਂ ਨੂੰ ਪ੍ਰੇਰਨ ਲਈ "**ਘਰ ਵਾਪਸੀ ਮੁਹਿੰਮ**" ਚਲਾਈ ਤੇ ਸੈਂਕੜੇ ਨਹੀਂ, ਹਜ਼ਾਰਾਂ ਬਚਿਆਂ ਨੂੰ ਗੁਰੂ ਵਾਲੇ ਬਣਾਇਆ ।

ਆਪ ਜੀ ਦਾ ਨਿਸ਼ਚਾ ਸੀ ਕਿ ਬਾਣੀ ਤੋਂ ਟੁਟਿਆ ਜੀਵ ਸਿਰਫ ਬਾਣੇ ਦਾ ਤਿਆਗ ਹੀ ਨਹੀ ਕਰਦਾ, ਸਗੋਂ ਪਤਿਤ ਵੀ ਹੋ ਜਾਂਦਾ ਹੈ । ਇਸ ਦੀ ਰੋਕ ਲਈ ਉਹਨਾਂ ਬਚਿਆ ਨੂੰ "**ਗੁਰਚਰਨੀ ਲਾਉਣ ਮੁਹਿੰਮ**" ਅਰੰਭੀ ਤੇ ਇਸ ਸਦਕਾ ਅਜ ਤਕ ਹਜ਼ਾਰਾਂ ਬੱਚੇ ਗੁਰਬਾਣੀ ਨਾਲ ਜੁੜੇ ।

"**ਭਾਈ ਵੀਰ ਸਿੰਘ ਅਕੈਡਮੀ**" ਦੀ ਸਥਾਪਨਾ ਕਰਕੇ ਗੁਰਸਿਖ ਬੱਚਿਆਂ ਹੱਥੋਂ ਹੀ ਪਤਿਤ ਬੱਚਿਆਂ ਨੂੰ ਪ੍ਰੇਰਨ ਦਾ ਮਹਾਨ ਕਾਰਜ ਅਰੰਭਿਆ ।

"**ਸੁਕ੍ਰਿਤ**" ਨਾਮ ਦੀ ਸੰਸਥਾ ਦੀ ਸਥਾਪਨਾ ਇੰਗਲੈਂਡ ਨਿਵਾਸੀ ਸ: ਜਸਵਿੰਦਰ ਸਿੰਘ ਕੋਹਲੀ (ਬਾਵਾ ਜੀ) ਦੇ ਸਹਿਯੋਗ ਨਾਲ ਕਰਕੇ ਬਚਿਆਂ ਅੰਦਰ ਕੰਠ ਪਾਠ ਤੇ ਕੀਰਤਨ ਮੁਕਾਬਲੇ ਕਰਾਕੇ ਨਵਾਂ ਉਤਸ਼ਾਹ ਪੈਦਾ ਕੀਤਾ ਤੇ ਇਸੇ ਸੰਸਥਾ ਦੁਆਰਾ ਬਚਿਆ ਲਈ ਸਵੈ ਰੋਜ਼ਗਾਰ ਦੀ ਯੋਗਤਾ ਲਈ ਸਿਖਲਾਈ ਦਾ ਪ੍ਰਬੰਧ ਕੀਤਾ ।

ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ "**ਗੁਰਸਿਖ ਜੀਵਨ ਜੁਗਤਿ (ਅਰਟ ੋਡ ਸ਼ਕਿਹ ਲ਼ਵਿਨਿਗ)**" ਨੂੰ ਪ੍ਰਚਾਰਨ ਹਿਤ ਜਲੰਧਰ ਵਿਖੇ ਆਪ ਜੀ ਨੇ ਇਕ ਮਹਾਨ ਗੁਰਮਤਿ ਮਾਰਚ ਦਾ ਅਯੋਜਨ ਕੀਤਾ ਜਿਸ ਵਿਚ ਗੁਰੂ ਸ਼੍ਰੀ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਮਾਟੋ ਸੈਕੜੇ ਬਚੇ ਤੇ ਬਚੀਆਂ ਚਿਟੀ ਵਰਦੀ ਤੇ ਨੀਲੀਆਂ ਦਸਤਾਰਾਂ ਤੇ ਨੀਲੀਆਂ ਚੁਨੀਆਂ ਵਿਚ ਮੋਟਰਸਾਈਕਲ ਤੇ ਸਕੂਟਰਾਂ ਤੇ ਸਵਾਰ ਹੋ ਕੇ ਤੇ ਹੋਰ ਹਜਾਰਾਂ ਸੰਗਤਾ ਨੇ ਹਾਜਰੀਆਂ ਭਰੀਆਂ ।ਇਹ ਮਾਰਚ ਆਪਣੀ ਮਿਸਾਲ ਆਪ ਹੀ ਹੋ ਨਿਬੜਿਆ।

ਦਾਜ ਦੀ ਲਾਹਨਤ ਤੇ ਭਾਰ ਹੇਠ ਦਬੀ ਦੁਖੀ ਲੋਕਾਈ ਅਤੇ ਵਿਆਹ ਸ਼ਾਦੀਆ ਸਮੇ ਫਜੂਲ ਦੇ ਖਰਚੇ ਤੇ ਮਨ ਮਤ ਦੇ ਹੋਰ ਪ੍ਰੋਗਰਾਮਾਂ ਤੋ ਛੁਟਕਾਰਾ ਪਾਉਣ ਲਈ ਆਦਰਸ਼ਕ ਗੁਰਮਤਿ ਅਨੰਦ ਕਾਰਜਾਂ ਦੀ ਪ੍ਰੱਥਾ ਨੂੰ ਫਿਰ ਉਜਾਗਰ ਕੀਤਾ।

ਆਪ ਕਹਿੰਦੇ ਕਿ ਗੁਰਬਾਣੀ ਪੜੀਏ –ਸੁਣੀਏ, ਸਮਝਨ ਲਈ, ਸਮਝੀਐ – ਅਪਨਾਉਣ ਲਈ, ਅਪਨਾਈਐ ਕਮਾਉਣ ਲਈ ਤੇ ਇਸੇ ਹੀ ਬਾਣੀ ਵਿਚ ਜੀਉ ਲੈਣਾ ਗੁਰਸਿਖੀ ਜੀਵਨ ਦਾ ਮੂਲ ਹੈ ।ਸੁਚੱਜੇ ਜੀਵਨ ਵਿੱਚ ਅਉਗੁਣਾ ਤੋਂ ਬੱਚਣ ਹਿਤ, ਗੁਰਮਤਿ ਦੇ ਇਸ ਬੱਚਨ "**ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਕਾ ਕਦੇ ਨ ਹੋਵੀ ਭਲਾ ॥**" ਤੇ ਹੋਰ ਗੁਰਬਚਨਾਂ ਦੀ ਕਮਾਈ ਲਈ ਆਪ ਦ੍ਰਿੜਤਾ ਨਾਲ ਪ੍ਰੇਰਦੇ ਰਹੇ ।

ਸੰਸਾਰ ਦੇ ਕੋਨੇ ਕੋਨੇ ਵਿੱਚ **ਏਡਜ਼ ਦੀ ਬਿਮਾਰੀ** ਨਾਲ ਪੀੜਤ ਮਨੁੱਖਤਾ ਨੂੰ " **ਏਕਾ ਨਾਰੀ ਜਤੀ ਹੋਇ , ਪਰ ਨਾਰੀ ਧੀ ਭੈਣ ਵਖਾਣੇ**" ਦੇ ਗੁਰਉਪਦੇਸ਼ ਦਾ ਹੋਕਾ ਦਿੱਤਾ ਤੇ ਕਿਹਾ ਕਿ **ਜੇ ਕੋਈ ਇਸ ਲਾਹਨਤ ਤੋਂ ਮੁਕਤ ਹੈ ਤਾਂ ਉਹ ਕਲਗੀਧਰ ਪਾਤਸ਼ਾਹ ਦਾ ਅੰਮ੍ਰਿਤਧਾਰੀ ਗੁਰਸਿਖ ਹੈ** ।

ਆਪ ਜੀ ਦਾ ਨਿਸ਼ਚਾ ਸੀ ਕਿ **ਪ੍ਰਦੂਸ਼ਨ ਮੁਕਤ ਸਮਾਜ** ਦੀ ਜੇ ਕੋਈ **ਸਿਰਜਨਾ** ਕਰ ਸਕਦਾ ਹੈ ਤਾਂ ਉਹ "**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**" ਦੇ ਵੀਚਾਰ ਦਾ ਧਾਰਨੀ **ਗੁਰਸਿਖ ਹੀ ਕਰ ਸਕਦਾ ਹੈ** ।

ਉਹਨਾਂ ਦੇ ਜੀਵਨ ਦੇ ਕਿਸ ਕਿਸ ਪਰਉਪਕਾਰ ਦਾ ਵਰਨਣ ਕਰਾਂ **"ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ"** । ਗੁਰਸ਼ਬਦ ਦੇ ਧਾਰਨੀ, ਇਸ ਗੁਰੂ ਦੇ ਲਾਲ ਨੇ, ਆਪਣੇ ਧਰਮ ਵਿੱਚ ਦ੍ਰਿੜ ਰਹਿ ਦੂਸਰੇ ਧਰਮਾਂ ਦਾ ਸਤਿਕਾਰ ਕੀਤਾ । ਗੁਰਦੁਆਰਾ ਸਿਹਰਾ ਸਾਹਿਬ ਗੁਰੂ ਕਾ ਲਾਹੌਰ ਵਿਖੇ ਹੌਲੇ ਮੁਹਲੇ ਆਪ ਲੰਗਰ ਦੀ ਸੇਵਾ ਕਮਾਉਂਦੇ, ਪਾਣੀ ਦੀ ਘਾਟ ਕਾਰਣ ਲੰਗਰ ਵਾਸਤੇ ਪਾਣੀ ਦੂਰ ਦੁਰਾਡਿਓ ਲਿਆਉਣਾ ਪੈਂਦਾ । ਇਲਾਹੀ ਜੁਗਤਿ ਅਨੁਸਾਰ ਉਹਨਾਂ ਨੇ ਸਥਾਨਕ ਲੋਕਾਂ ਲਈ **ਮੰਦਰ ਬਣਵਾ ਕੇ ਦਿੱਤਾ** ਤੇ ਗੁਰਦੁਆਰਾ ਸਾਹਿਬ ਵਿਖੇ ਖੁਲੇ ਡੁਲੇ ਪਾਣੀ ਦਾ ਪ੍ਰਬੰਧ ਕਰਵਾ ਦਿੱਤਾ ।

ਆਪਣੀਆਂ ਕੀਰਤਨ ਯਾਤਰਵਾਂ ਦੌਰਾਨ ਜਦੋਂ ਅਯੋਧਿਆ ਤੋਂ ਲੰਘ ਰਹੇ ਸਨ ਤਾਂ ਇਸ **"ਹਰਿ ਕੇ ਪਿਆਰੇ"** ਨੂੰ ਰਾਹ ਵਿਚ ਇਕ **ਮੰਦਿਰ ਦੇ ਪੁਜਾਰੀ** ਤੇ ਉਹਨਾਂ ਦੇ ਨਾਲ ਉਹਨਾਂ ਦੇ ਹੋਰ ਸ਼ਰਧਾਲੂ ਆਪ ਜੀ ਨੂੰ ਬੇਨਤੀ ਕਰਕੇ ਮੰਦਿਰ ਵਿਚ ਲੈ ਗਏ । ਉਥੇ "ਗੁਰ ਨਾਨਕ ਤੇਰੀ ਜੈ ਹੋਵੇ, ਗੁਰ ਨਾਨਕ ਤੇਰੀ ਜੈ ਹੋਵੇ" ਦੇ ਜੈਕਾਰਿਆਂ ਨਾਲ ਜੀ ਆਇਆਂ ਆਖ **ਸਨਮਾਨਿਆ** ।

ਪੰਥ ਵਲੋਂ ਸਾਰੀਆਂ ਸ਼ਤਾਬਦੀਆਂ ਵਿੱਚ ਵਿਸ਼ੇਸ ਯੋਗਦਾਨ ਪਾ ਗੁਰਬਾਣੀ ਦੇ ਅਧਾਰ ਤੇ ਮਹਾਨ ਖੋਜ ਭਰਪੂਰ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਗੁਰੂ ਨਾਲ ਜੋੜਿਆ । ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਗੱਦੀ ਦਿਵਸ ਦੀ ਤੀਸਰੀ ਸ਼ਤਾਬਦੀ ਅਨੋਖੇ ਰੰਗ ਵਿਚ ਮਨਾਉਣ ਦੀ ਰੀਝ ਤੇ ਚਾਉ ਜਿਵੇਂ ਉਨਾਂ ਦੇ ਅੰਦਰ ਡੁੱਲ – ਡੁੱਲ ਪੈਂਦਾ । ਗੁਰਦੁਆਰਾ ਦੁੱਖ ਨਿਵਾਰਨ ਸਾਹਿਬ, ਲੁਧਿਆਣਾ ਵਿੱਖੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਇਕ ਬਹੁਤ ਪਿਆਰੀ ਰੂਹ ਸ: ਪ੍ਰਿਤਪਾਲ ਸਿੰਘ ਜੀ ਜਿਹੜੇ ਪੰਥਕ ਸੇਵਾਵਾਂ ਤੇ ਗੁਰਮਤ ਪ੍ਰਚਾਰ ਹਿਤ ਸਦਾ ਤਤਪਰ ਰਹਿੰਦੇ ਉਹਨਾਂ ਦੇ ਮਹਾਨ ਸਹਿਯੋਗ ਨਾਲ ਜੀਵਨ ਦੇ ਆਖਰੀ ਪੜਾਵ ਵਿੱਚ ੨੨ ਸਤੰਬਰ, ੨੦੦੬ ਤੋਂ ੨੪ ਸਤੰਬਰ, ੨੦੦੬ ਨੂੰ (**"ਗੁਰਸ਼ਬਦ ਬਿਬੇਕ ਸਮਾਗਮ"** ਰਚਾਇਆ) । ਇਹ ਉਹਨਾਂ ਹੀ ਭਾਵਨਾਵਾਂ ਦੀ ਪੂਰਤੀ ਵੱਲ ਇਕ ਕਦਮ ਸੀ ਜਿਸ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਮੁੱਖ ਵਿਸ਼ਿਆਂ ਤੇ ਪੰਥ ਦੇ ਮਹਾਨ ਵਿਦਵਾਨਾਂ ਦੇ ਵਿਚਾਰ ਸੰਗਤਾਂ ਨੂੰ ਸੁਣਾਉਨ ਅਤੇ ਇਕਤਰਤ ਕਰਕੇ, ਲਿਖਤੀ ਰੂਪ ਦੇਣਾ ਸੀ । ਇਹਨ੍ਹਾਂ ਸਮਾਗਮਾ ਵਿੱਚ ਹੋਰਨਾ ਤੋਂ ਇਲਾਵਾ **ਸਿੰਘ ਸਾਹਿਬਾਨ ਗਿਆਨੀ ਗੁਰਬਚਨ ਸਿੰਘ ਜੀ** ਹੈਡ ਗ੍ਰੰਥੀ ਸ਼੍ਰੀ ਹਰਿਮੰਦਿਰ ਸਾਹਿਬ ਜੀ ਨੇ **"ਗੁਰੂ ਗ੍ਰੰਥ ਤੇ ਗੁਰੂ ਪੰਥ"** ਦੇ ਵਿਸ਼ੇ ਤੇ ਵੀਚਾਰ ਪ੍ਰਗਟ ਕੀਤੇ । ਅਸੀਸ ਦੇਣਾ ਇਸ ਪ੍ਰਥਾਏ ਰਹਿੰਦੇ ਬਾਕੀ ਕਾਰਜ ਨੇਪਰੇ ਚੜ ਸਕਣ ।

**ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਕਾਲਜ਼ ਆਫ ਨਰਸਿੰਗ** ਦੀ ਸਥਾਪਨਾ ਜਿਸ ਦੀ ਡਿਪਲੋਮਾ ਕੋਰਸ ਦੀ ਅਰੰਭਤਾ ਹੋ ਚੁੱਕੀ ਹੈ। ਆਪ ਜੀ ਦੇ ਜੀਵਨ ਦੀ ਮਹਾਨ ਦੇਣ ਹੈ ।

**ਦੋ ਸਾਲ ਪਹਿਲਾਂ, ਸਮੂਹ ਸੰਗਤ ਦੀ ਹਾਜ਼ਰੀ ਵਿੱਚ, ਬਾਰਾਂ ਸਾਲ ਤੋਂ ਅਸਥਾਨ ਤੇ ਅਣਥੱਕ ਸੇਵਾ ਨਿਬਾਹ ਰਹੀ ਇਕ ਅਤਿ ਪਿਆਰੀ, ਗੁਰੂ ਰੰਗ ਰੱਤੀ ਰੂਹ ਭਾਈ ਸਾਹਿਬ ਭਾਈ ਦਵਿੰਦਰ ਸਿੰਘ ਜੀ ਨੂੰ ਦਸਤਾਰ ਦੇ ਕੇ ਆਪਣੇ ਤੋਂ ਬਾਅਦ ਸੰਪੂਰਨ ਸੇਵਾ ਦੀ ਜਿਮੇਵਾਰੀ ਆਪਨੇ ਹੱਥੀ ਸੋਂਪੀ ।**

**"ਬਾਪੂ ਵਾਜਾਂ ਮਾਰ ਰਿਹਾ ਏ, ਹਰਿਮੰਦਿਰ ਜਾਣਾ ਏ"** । ਝੂਠੇ ਸੰਸਾਰ ਨੂੰ ਆਪਣੇ ਅੰਦਰ ਦਾ ਸੱਚ ਸੁਣਾਉਦੇ, ਇਹ ਗੁਰੂ ਦੇ ਲਾਲ ੧੪ ਅਕਤੂਬਰ, ੨੦੦੬ ਨੂੰ **ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ।"** (੬੮੭) ਬਾਪੂ ਦੇ ਘਰ ਟੁਰ ਪਏ, ਹਰਿਮੰਦਿਰ ਵਿੱਚ ਸਮਾ ਗਏ ।

**ਸਫਲ ਸਫਲ ਭਈ ਸਫਲ ਜਾਤ੍ਰਾ ॥**

ਅੰਤਿਮ ਯਾਤਰਾ ਸਮੇਂ ਸੇਜਲ ਨੈਨਾਂ ਨਾਲ ਪਰ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦਿਆਂ ਹਜ਼ਾਰਾ ਸਿੱਖ ਸੰਗਤਾਂ ਤੇ ਪ੍ਰਸਿਧ ਪੰਥਕ ਸਖਸ਼ੀਅਤਾਂ ਦੀ ਹਾਜਰੀ ਦਾ ਦ੍ਰਿਸ਼, ਇਸ ਕਲਮ ਨੇ ਕਰ ਨਹੀਂ ਸਕਣਾ । ਗੁਰਮਤਿ ਦਾ ਸਚ ਇੰਝ ਪ੍ਰਗਟ ਹੋ ਆਇਆ :–

**"ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ,**
**ਤਿਨ੍ ਕਉ ਪਰਜਾ ਪੂਜਣ ਆਈ" ॥** (੫੧੪)

ਤੇ ਝੋਲ ਅੱਡ ਅਰਦਾਸ ਹੈ

**"ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥"** (੩੦੬)

**ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ ॥**